# ਦਫਤਰ ਜਿਲ੍ਹਾ ਸਿਖਿਆ ਅਫਸਰ (ਸੈ.ਸਿ) ਅੰਮ੍ਰਿਤਸਰ

**ਈ.ਮੇਲ:** deoseamritsar@gmail.com **ਫੋਨ ਅਤੇ ਫੈਕਸ ਨੰਬਰ:** 0183-2225896
Website: **deoseasr.org** ਰਾਹੀ

ਵੱਲ

ਪ੍ਰਿੰਸੀਪਲ/ਮੁੱਖ ਅਧਿਆਪਕ
ਸਰਕਾਰੀ ਸੀਨੀ.ਸੈਕੰ./ਹਾਈ/ਮਿਡਲ ਸਕੂਲ,
ਜਿਲ੍ਹਾ ਅੰਮ੍ਰਿਤਸਰ।

ਪੱਤਰ ਨੰ: ਜੀ-3/2016- 3396
ਮਿਤੀ : 17-03-2016

ਵਿਸ਼ਾ ਅੱਠਵੀਂ ਜਮਾਤ ਦੇ ਰਾਜ ਪੱਧਰੀ ਲਰਨਿੰਗ ਆਊਟਕਮ ਇਵੈਲੂਏਸ਼ਨ ਸਿਸਟਮ ਲਈ ਮੁਲਅੰਕਣ ਦੇ ਲਈ ਰਿਜਲਟ ਤਿਆਰ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਅੱਠਵੀਂ ਜਮਾਤ ਦੇ ਮੁਲਾਂਕਣ ਲਈ ਹੋਈ ਪ੍ਰੀਖਿਆ ਮਾਰਚ 2016 ਦਾ ਰਿਜਲਟ ਤਿਆਰ ਕਰਨ ਲਈ ਪਹਿਲਾਂ ਵੀ ਸਕੂਲ ਮੁੱਖੀਆਂ ਨੂੰ ਵੱਖ-ਵੱਖ ਪੱਤਰਾਂ ਅਤੇ ਕਲੱਸਟਰ ਇੰਚਾਰਜ ਮੁੱਖੀਆਂ ਰਾਹੀਂ ਐਸ.ਏ.-1 ਅਤੇ ਪ੍ਰੈਕਟੀਕਲ ਦਾ ਰਿਜਲਟ ਆਪਣੇ ਸਬੰਧਤ ਸਕੂਲ ਕਲੱਸਟਰ ਸਕੂਲ ਵਿੱਚ ਦੇਣ ਲਈ ਕਿਹਾ ਗਿਆ ਸੀ ਪ੍ਰੰਤੂ ਅਜੇ ਤੱਕ ਵੀ ਕਈ ਸਕੂਲਾਂ ਦੇ ਮੁੱਖੀਆਂ ਨੇ ਵਿਭਾਗ ਵੱਲੋਂ ਜਾਰੀ ਪੱਤਰ ਅਤੇ ਇਸ ਦਫਤਰ ਵੱਲੋਂ ਜਾਰੀ ਪੱਤਰਾਂ ਨੂ ਅਣਦੇਖਿਆ ਕਰਕੇ ਆਪਣੇ ਸਕੂਲ ਦਾ ਰਿਜਲਟ ਕਲੱਸਟਰ ਵਿੱਚ ਨਹੀਂ ਭੇਜਿਆ। ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਅੱਜ ਹੀ ਮਿਤੀ 17-03-2016 ਨੂੰ ਆਪਣੇ ਸਕੂਲ ਦਾ ਰਿਜਲਟ ਆਪਣੇ ਕਲੱਸਟਰ ਮੁੱਖੀ ਨੂੰ ਦਿੱਤਾ ਜਾਵੇ।

ਕਲੱਸਟਰ ਮੁੱਖੀ ਨੂੰ ਹਦਾਇਤ ਕੀਤੀ ਜਾਂਦੀ ਹੈ ਅਠਵੀਂ ਜਮਾਤ ਦਾ ਰਿਜਲਟ ਹਰ ਹਾਲਤ ਵਿੱਚ 18-03-2016 ਨੂੰ ਇਸ ਦਫਤਰ ਵਿਖੇ ਈ-ਮੇਲ ਆਈ.ਡੀ. deoseamritsar@gmail.com ਤੇ ਭੇਜ ਦਿੱਤਾ ਜਾਵੇ ਅਤੇ ਭੇਜੇ ਰਿਜਲਟ ਵੈਰੀਫਾਈ ਹੋਣ ਤੇ ਹੀ 18-03-2016 ਨੂੰ ਸਕੂਲ ਛੱਡਿਆ ਜਾਵੇ। ਇਸ ਵਿੱਚ ਕਿਸੇ ਕਿਸਮ ਦੀ ਅਣਗਹਿਲੀ ਦੀ ਨਿਰੋਲ ਜਿੰਮੇਵਾਰੀ ਕਲੱਸਟਰ ਮੁੱਖੀ ਦੀ ਹੋਵੇਗੀ।

ਨੋਟ :- ਮਿਤੀ 17-03-2016 ਅਤੇ 18-03-2016 ਨੂੰ ਸਾਰੇ ਸਕੂਲਾਂ ਦੇ ਮੁੱਖੀ/ਸਬੰਧਤ ਜਮਾਤ ਇੰਚਾਰਜ/ਕਲੱਸਟਰ ਮੁੱਖੀ ਦਾ ਮੋਬਾਇਲ ਬੰਦ ਨਹੀਂ ਹੋਣਾ ਚਾਹੀਦਾ ਹੈ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।

ਪਿੱਠ ਅੰਕਣ ਨੰ: ਸਮ

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਐਸ.ਏ.ਐਸ.ਨਗਰ।
2. ਸਮੂਹ ਕਲੱਸਟਰ ਇੰਚਾਰਜ, ਅੰਮ੍ਰਿਤਸਰ।

ਜ਼ਿਲਾ ਸਿਖਿਆ ਅਫਸਰ (ਸੈ.ਸਿ),
ਅੰਮ੍ਰਿਤਸਰ।